# ਸਦਨ ਵਿਖੇ ਡਾ. ਨੇਕੀ ਦੀ ਜਨਮ ਸ਼ਤਾਬਦੀ 'ਤੇ ਦੋ ਦਿਨਾ ਸੈਮੀਨਾਰ ਦਾ ਉਦਘਾਟਨ

ਨਵੀਂ ਦਿੱਲੀ, 26 ਅਗਸਤ (ਮਿਸਰਦੀਪ ਭਾਟੀਆ)-ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਵਲੋਂ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਦੇ ਸਹਿਯੋਗ ਨਾਲ ਡਾ. ਜਸਵੰਤ ਸਿੰਘ ਨੇਕੀ ਦੀ ਪਹਿਲੀ ਜਨਮ ਸ਼ਤਾਬਦੀ 'ਤੇ ਦੋ ਰੋਜ਼ਾ ਸੈਮੀਨਾਰ ਦਾ ਉਦਘਾਟਨ ਸਦਨ ਦੇ ਕਾਨਫ਼ਰੰਸ ਹਾਲ ਵਿਚ ਕੀਤਾ ਗਿਆ। ਇਸ ਦੀ ਪ੍ਰਧਾਨਗੀ ਸਾਹਿਤ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਕੀਤੀ।

ਪ੍ਰੋਗਰਾਮ ਦੇ ਆਰੰਭ ਵਿਚ ਡਾ. ਨੇਕੀ ਦੇ ਜੀਵਨ ਅਤੇ ਸ਼ਖ਼ਸੀਅਤ ਨਾਲ ਸੰਬੰਧਿਤ ਇਕ ਸਾਖਿਆਤਕਾਰ ਡਾਕੂਮੈਂਟਰੀ ਦਿਖਾਈ ਗਈ। ਉਪਰੰਤ ਸਾਹਿਤ ਅਕਾਦਮੀ ਦੇ ਸਕੱਤਰ ਡਾ. ਕੇ. ਨਿਵਾਸਰਾਓ ਨੇ ਸਵਾਗਤੀ ਭਾਸ਼ਨ ਦੌਰਾਨ ਡਾ. ਨੇਕੀ ਬਾਰੇ ਬੋਲਦਿਆਂ ਉਨ੍ਹਾਂ ਨੂੰ ਇਕ ਵਿਲੱਖਣ ਰਚਨਾਕਾਰ ਅਤੇ ਚਿੰਤਕ ਕਿਹਾ, ਜਿਨ੍ਹਾਂ ਨੇ ਕਵਿਤਾ, ਗਦ, ਅਨੁਵਾਦ ਆਦਿ ਅਨੇਕ ਖੇਤਰਾਂ ਵਿਚ ਮਿਆਰੀ ਕੰਮ ਕੀਤਾ। ਇਸ ਤੋਂ ਬਾਅਦ ਸਾਹਿਤ ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੇ ਕਨਵੀਨਰ ਡਾ. ਰਵੇਲ ਸਿੰਘ ਨੇ ਸਾਹਿਤ ਮੁਲਾਂਕਣ ਦੇ ਸਥਾਪਤ ਚੌਖਟਿਆਂ ਦੀ ਪਿਠ-ਭੂਮੀ 'ਚੋਂ ਆਪਣੀ ਗੱਲ ਸ਼ੁਰੂ ਕਰਦਿਆਂ ਉਸ ਆਂਤਰਿਕ ਪਹੁੰਚ ਵਿਧੀ ਦੀ ਗੱਲ ਕੀਤੀ ਜਿਥੋਂ ਡਾ. ਨੇਕੀ ਦੀ ਰਚਨਾ ਦੇ ਮਰਮ ਨੂੰ ਉਘਾੜਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਸਤਿੰਦਰ ਸਿੰਘ ਨੇ ਆਪਣੇ ਉਦਘਾਟਨੀ ਭਾਸ਼ਨ ਵਿਚ ਡਾ. ਨੇਕੀ ਨਾਲ ਸੰਬੰਧਿਤ ਯਾਦਾਂ ਦਾ ਜ਼ਿਕਰ ਕੀਤਾ। ਉੱਘੀ ਲੇਖਿਕਾ ਅਤੇ ਕਵਿੱਤਰੀ ਡਾ. ਵਨੀਤਾ ਨੇ ਡਾ. ਨੇਕੀ ਦੀ ਸਾਹਿਤਕ ਦੇਣ ਨੂੰ ਸਾਰ ਰੂਪ ਵਿਚ ਪ੍ਰੇਮ ਅਤੇ ਸਮਰਪਣ ਦੀ ਰਚਨਾ ਕਿਹਾ। ਆਖਰ ਵਿਚ ਸਾਹਿਤ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਆਪਣੇ ਸੰਬੋਧਨ ਵਿਚ ਡਾ. ਨੇਕੀ ਨੂੰ ਰਿਸ਼ੀ ਕਵੀ ਨਾਲ ਵਿਭੂਸ਼ਿਤ ਕਰਦਿਆਂ ਚੰਡੀਗੜ੍ਹ ਨਾਲ ਸੰਬੰਧਿਤ ਯਾਦਾਂ ਨੂੰ ਤਰੋਤਾਜ਼ਾ ਕੀਤਾ। ਇਸ ਮੌਕੇ ਡਾ. ਨੇਕੀ ਨਾਲ ਸੰਬੰਧਿਤ ਤਿੰਨ ਪ੍ਰਕਾਸ਼ਨਾਵਾਂ ਰਿਲੀਜ਼ ਕੀਤੀਆਂ ਗਈਆਂ। ਸਾਹਿਤ ਅਕਾਦਮੀ ਦੀ ਪ੍ਰਕਾਸ਼ਨਾ ਡਾ. ਜਸਵੰਤ ਸਿੰਘ ਨੇਕੀ, ਨਵਯੁੱਗ ਪਬਲੀਸ਼ਰਜ਼ ਵਲੋਂ 'ਤਾਰਾ ਚੜ੍ਹਿਆ ਲੰਮਾ', ਹਰ ਅਨੰਦ ਪਬਲੀਕੇਸ਼ਨ ਵਲੋਂ 'ਗੁਰਮਤਿ ਸਾਈਕੋਲੋਜੀ'। ਸਦਨ ਵਲੋਂ ਪ੍ਰਕਾਸ਼ਿਤ 'ਖ਼ਾਲਸਾ ਸਮਾਚਾਰ' ਦਾ ਡਾਕਟਰ ਜਸਵੰਤ ਸਿੰਘ ਨੇਕੀ ਵਿਸ਼ੇਸ਼ ਅੰਕ ਵੀ ਰਿਲੀਜ਼ ਕੀਤਾ ਗਿਆ।

ਅਖੀਰ ਵਿਚ ਸਦਨ ਦੇ ਸੀਨੀਅਰ ਮੀਤ ਪ੍ਰਧਾਨ ਸ. ਜੀ.ਬੀ.ਐਸ. ਸਿੱਧੂ ਨੇ ਸਾਹਿਤ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ, ਡਾ. ਰਵੇਲ ਸਿੰਘ ਸਮੇਤ ਪਹੁੰਚੇ ਸਭ ਵਕਤਿਆਂ ਅਤੇ ਸਰੋਤਿਆਂ ਦਾ ਸਦਨ ਵਲੋਂ ਤਹਿ ਦਿਲੋਂ ਧੰਨਵਾਦ ਕੀਤਾ। ਡਾ. ਨੇਕੀ ਦੇ ਪਰਿਵਾਰਕ ਮੈਂਬਰ (ਆਨਲਾਈਨ), ਸਦਨ ਦੇ ਮੀਤ ਪ੍ਰਧਾਨ ਨੀਨਾਪੁਰੀ, ਮੀਤ ਪ੍ਰਧਾਨ ਹਰਚਰਨ ਸਿੰਘ ਨਾਗ, ਡਾਇਰੈਕਟਰ ਡਾ. ਮਹਿੰਦਰ ਸਿੰਘ, ਖਜ਼ਾਨਚੀ ਪਰਮਪਾਲ ਸਿੰਘ ਸੋਢੀ, ਡਾ. ਪੁਨੀਤਾ ਸਿੰਘ, ਸਿੰਘਾਪੁਰ ਤੋਂ ਪਹੁੰਚੇ ਡਾ. ਭਜਨ ਸਿੰਘ, ਡਾ. ਆਈ.ਪੀ.ਐਸ. ਕਾਲਰਾ, ਨਾਵਲਕਾਰ ਨਛੱਤਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਪਹੁੰਚੇ ਵਿਦਿਆਰਥੀਆਂ ਅਤੇ ਵਿਦਵਾਨਾਂ ਨੇ ਇਸ ਪ੍ਰੋਗਰਾਮ ਵਿਚ ਨਿੱਘੀ ਹਾਜ਼ਰੀ ਭਰੀ। ਸਾਹਿਤ ਅਕਾਦਮੀ ਤੋਂ ਦਵਿੰਦਰ ਕੁਮਾਰ ਦੇਵੇਸ਼ ਨੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।



**ਮੰਚ 'ਤੇ ਸੁਸ਼ੋਭਿਤ : ਸ੍ਰੀ ਕੇ. ਸ੍ਰੀਨਿਵਾਸ ਰਾਓ, ਸ.ਜੀ.ਬੀ.ਐਸ. ਸਿੱਧੂ, ਮਾਧਵ ਕੌਸ਼ਿਕ, ਡਾ. ਸਤਿੰਦਰ ਸਿੰਘ, ਡਾ. ਵਨੀਤਾ ਅਤੇ ਡਾ. ਰਵੇਲ ਸਿੰਘ।** ਤਸਵੀਰ : ਮਿਸਰਦੀਪ